



# Orientation to Ontario

1-855-626-0002
https://settlement.org/o2o



## ਆਲੇ-ਦੁਆਲੇ ਦਾ ਖ਼ਿਆਲ ਰੱਖਣਾ

ਗੰਦ ਨਾ ਪਾਓ! – ਓਂਟਾਰੀਓ ਦੇ ਪਾਣੀ ਅਤੇ ਜ਼ਮੀਨ ਸਾਫ਼-ਸੁਥਰੀ ਰੱਖਣ ਲਈ ਓਂਟਾਰੀਓ ਦੇ ਸਾਰੇ ਵਸਨੀਕਾਂ ਨੂੰ ਮਿਲਕੇ ਕੰਮ ਕਰਨਾ ਚਾਹੀਦਾ ਹੈ। ਕੂੜਾ ਉਦੋਂ ਇਕੱਠਾ ਹੁੰਦਾ ਹੈ, ਜਦੋਂ ਤੁਸੀਂ ਭਾਵੇਂ ਸ਼ਹਿਰ ਵਿੱਚ ਜਾਂ ਦੇਸ਼ ਤੋਂ ਬਾਹਰ ਕਿਸੇ ਵੀ ਤਰ੍ਹਾਂ ਦਾ ਕੂੜਾ ਜ਼ਮੀਨ 'ਤੇ ਛੱਡ ਦਿੰਦੇ ਹੋ। ਝੀਲਾਂ ਅਤੇ ਦਰਿਆਵਾਂ ਵਿੱਚ ਕੂੜਾ ਸੁੱਟਣਾ ਵੀ ਉਸਨੂੰ ਕੂੜੇ ਨਾਲ ਭਰਨਾ ਹੈ।

### ਕੂੜੇ-ਕਚਰੇ ਦਾ ਪ੍ਰਬੰਧ ਕਰਨਾ
#### ਘਰ ਦਾ ਕੂੜਾ

ਵੱਖ-ਵੱਖ ਮਿਉਨਿਸਪੈਲਿਟੀਆਂ ਵੱਖ-ਵੱਖ ਤਰੀਕਿਆਂ ਨਾਲ ਘਰਾਂ ਦੇ ਕੂੜੇ ਦਾ ਪ੍ਰਬੰਧ ਕਰਦੀਆਂ ਹਨ। ਕੁਝ ਸਥਾਨਕ ਸਰਕਾਰਾਂ ਕੂੜਾ ਇਕੱਠਾ ਕਰਨ ਲਈ ਲਾਗਤ ਲੈਂਦੀਆਂ ਹਨ ਅਤੇ ਕੂੜੇ, ਰੀਸਾਈਕਲਿੰਗ ਅਤੇ ਆਰਗੈਨਿਕ ਕੂੜੇ ਲਈ ਖ਼ਾਸ ਕੂੜੇਦਾਨ ਦਿੰਦੀਆਂ ਹਨ। ਕੂੜਾ-ਕਚਰਾ ਉਹ ਕੂੜਾ ਹੈ, ਜਿਸ ਨੂੰ ਰੀਸਾਈਕਲ ਨਹੀਂ ਕੀਤਾ ਜਾ ਸਕਦਾ ਜਾਂ ਖਾਦ ਨਹੀਂ ਬਣਾਈ ਜਾ ਸਕਦੀ।

ਬਹੁਤੇ ਭਾਈਚਾਰਿਆਂ ਕੋਲ ਕਾਗਜ਼, ਕੱਚ, ਪਲਾਸਟਿਕ, ਐਲਿਉਮਿਨੀਅਮ ਅਤੇ ਹੋਰ ਸਮਗ੍ਰੀਆਂ ਨੂੰ ਰੀਸਾਈਕਲਿੰਗ ਕਰਨ ਲਈ ਬਲਿਊ ਬਾਕਸ ਪ੍ਰੋਗਰਾਮ ਹਨ। ਰੀਸਾਈਕਲ ਕੀਤੀਆਂ ਗਈਆਂ ਵਸਤਾਂ ਨੂੰ ਨਵੇਂ ਉਤਪਾਦ ਬਣਾਉਣ ਲਈ ਵਰਤਿਆ ਜਾਂਦਾ ਹੈ।

ਹਰੇ ਕੂੜੇਦਾਨ ਬਾਰੇ ਪ੍ਰੋਗਰਾਮ, ਆਮ ਕੂੜੇ ਵਿੱਚੋਂ ਫਲ ਅਤੇ ਸਬਜ਼ੀ ਦੇ ਛਿਲਕਿਆਂ, ਮੀਟ ਅਤੇ ਕਾਫ਼ੀ ਦੀ ਰਹਿੰਦ-ਖੂਹੰਦ ਵਰਗੇ ਆਰਗੈਨਿਕ ਕੂੜੇ ਨੂੰ ਇਕੱਠਾ ਕਰਦਾ ਹੈ।

ਆਰਗੈਨਿਕ ਕੂੜੇ ਤੋਂ ਖਾਦ ਬਣਾਈ ਜਾਂਦੀ ਹੈ, ਜਿਸ ਨੂੰ ਪਾਰਕਾਂ ਅਤੇ ਖੇਤਾਂ ਵਿਚਲੀ ਮਿੱਟੀ ਨੂੰ ਬਿਹਤਰ ਬਣਾਉਣ ਲਈ ਵਰਤਿਆ ਜਾਂਦਾ ਹੈ।

ਨੀਲਾ ਬਾਕਸ ਲੈਣ ਲਈ ਜਾਂ ਕਿ ਤੁਹਾਡੇ ਇਲਾਕੇ ਵਿੱਚ ਹਰੇ ਕੂੜੇਦਾਨ ਵਾਲਾ ਪ੍ਰੋਗਰਾਮ ਹੈ, ਦਾ ਪਤਾ ਲਾਉਣ ਲਈ ਆਪਣੀ ਸਥਾਨਕ ਮਿਉਨਿਸਪੈਲਿਟੀ ਨਾਲ ਸੰਪਰਕ ਕਰੋ।

www.mah.gov.on.ca ਜਾਂ findlink.at/muniseroff 'ਤੇ ਮਿਉਨਿਸੀਪਲ ਮਾਮਲਿਆਂ ਅਤੇ ਹਾਊਸਿੰਗ ਮਹਿਕਮੇ 'ਤੇ ਜਾਓ।

The Environmental Protection Act - ਵਾਤਾਵਰਣ ਸਬੰਧੀ ਰਾਖੀ ਬਾਰੇ ਕਾਨੂੰਨ ਦੱਸਦਾ ਹੈ ਕਿ ਛੇ ਜਾਂ ਵੱਧ ਯੂਨਿਟਾਂ ਵਾਲੀ ਰਿਹਾਇਸ਼ੀ ਇਮਾਰਤਾਂ ਵਿਖੇ ਰੀਸਾਈਕਲਿੰਗ ਲਾਜ਼ਮੀ ਹੈ। ਜੇ ਤੁਸੀਂ ਅਪਾਰਟਮੈਂਟ ਵਿੱਚ ਰਹਿੰਦੇ ਹੋ, ਤਾਂ ਆਪਣੇ ਸੁਪਰਡੈਂਟ ਨੂੰ ਪੁੱਛੋ ਕਿ ਤੁਸੀਂ ਰੀਸਾਈਕਲ ਕਿਵੇਂ ਕਰ ਸਕਦੇ ਹੋ। ਕੁਝ ਭਾਈਚਾਰਿਆਂ ਕੋਲ ਅਪਾਰਟਮੈਂਟ ਦੇ ਵਸਨੀਕਾਂ ਲਈ ਖਾਦ ਬਣਾਉਣ ਸਬੰਧੀ ਪ੍ਰੋਗਰਾਮ ਹੋ ਸਕਦੇ ਹਨ।

### ਨੁਕਸਾਨਦੇਹ ਪਦਾਰਥ

ਖ਼ਤਰਨਾਕ ਸਮਗ੍ਰੀਆਂ ਨੂੰ ਨਾਲੀ ਵਿੱਚ ਨਹੀਂ ਰੋੜ੍ਹਣਾ ਚਾਹੀਦਾ ਜਾਂ ਇਕੱਠੇ ਕੀਤੇ ਗਏ ਆਮ ਕੂੜੇ ਵਿੱਚ ਨਹੀਂ ਮਿਲਾਉਣਾ ਚਾਹੀਦਾ। ਔਰੇਂਜ ਡ੍ਰਾਪ ਪ੍ਰੋਗਰਾਮ ਤੁਹਾਨੂੰ ਘਰ ਦੇ ਉਹਨਾਂ ਉਤਪਾਦਾਂ ਨੂੰ ਸੁਰੱਖਿਅਤ ਢੰਗ ਨਾਲ ਨਿਪਟਾਉਣ ਦਾ ਮੌਕਾ ਦਿੰਦਾ ਹੈ ਕਿ ਜਿਹਨਾਂ ਵਿੱਚ ਪੇਂਟ, ਐਂਟੀਫ੍ਰੀਜ਼ ਅਤੇ ਬੈਟਰੀਆਂ ਵਰਗੇ ਨੁਕਸਾਨਦੇਹ ਪਦਾਰਥ ਸ਼ਾਮਿਲ ਹੁੰਦੇ ਹਨ।

- ਤੁਸੀਂ ਆਪਣੀ ਨਜ਼ਦੀਕੀ ਡ੍ਰਾਪ ਵਾਲੀ ਥਾਂ ਦਾ ਪਤਾ ਲਾਉਣ ਲਈ www.makethedrop.ca 'ਤੇ ਜਾਓ।

### ਇਲੈਕਟ੍ਰਾਨਿਕਸ

ਈ-ਕਚਰੇ ਵਿੱਚ ਕੈਮਰੇ, ਕੰਪਿਊਟਰ, ਮਾਨੀਟਰ, ਟੈਲੀਫੋਨ ਅਤੇ ਟੈਲੀਵੀਜ਼ਨ ਵਰਗੇ ਉਤਪਾਦ ਸ਼ਾਮਿਲ ਹਨ, ਜਿਹਨਾਂ ਦੀ ਕਿਸੇ ਨੂੰ ਲੋੜ ਨਹੀਂ ਹੁੰਦੀ। ਇਹਨਾਂ ਉਤਪਾਦਾਂ ਦਾ ਵਿਸ਼ੇਸ਼ ਡੀਪੋ 'ਤੇ ਰੀਸਾਈਕਲ ਕੀਤਾ ਜਾਣਾ ਚਾਹੀਦਾ ਹੈ। ਓਂਟਾਰੀਓ ਵਿੱਚ ਇਲੈਕਟ੍ਰਾਨਿਕ ਉਤਪਾਦ ਖ਼ਰੀਦਣ ਲੱਗਿਆਂ, ਤੁਸੀਂ ਵਾਤਾਵਰਣ ਦੀ ਸਾਂਭ-ਸੰਭਾਲ ਸਬੰਧੀ ਫ਼ੀਸ (EHF) ਦਾ ਭੁਗਤਾਨ ਕਰਦੇ ਹੋ। ਇਸ ਪੈਸੇ ਨੂੰ ਰੀਸਾਈਕਲਿੰਗ ਜਾਂ ਇਲੈਕਟ੍ਰਾਨਿਕ ਉਤਪਾਦਾਂ ਨੂੰ ਫਿਰ ਤੋਂ ਠੀਕ ਕਰਨ ਦੀ ਲਾਗਤ ਲਈ ਭੁਗਤਾਨ ਕਰਨ ਵਾਸਤੇ ਵਰਤਿਆ ਜਾਂਦਾ ਹੈ।

Funded by / Financé par

Immigration, Refugees and Citizenship Canada | Immigration, Réfugiés et Citoyenneté Canada

Ontario

ਆਪਣੇ ਇਲਾਕੇ ਵਿੱਚ ਇਲੈਕਟ੍ਰਾਨਿਕਸ ਰੀਸਾਈਕਲਿੰਗ ਡੀਪੋ ਦਾ ਪਤਾ ਲਾਉਣ ਲਈ www.recycleyourelectronics.ca 'ਤੇ ਜਾਓ।

## ਬਿਜਲੀ ਅਤੇ ਪਾਣੀ ਦੀ ਸੰਭਾਲ

ਬਿਜਲੀ ਬਣਾਉਣ ਨਾਲ ਵਾਤਾਵਰਣ ਲਈ ਮਾੜੇ ਨਤੀਜੇ ਹੁੰਦੇ ਹਨ। ਬਿਜਲੀ ਬਚਾਉਣ ਨਾਲ ਤੁਸੀਂ ਪੈਸਾ ਵੀ ਬਚਾਉਂਦੇ ਹੋ।

ਬਿਜਲੀ ਦੀ ਸੰਭਾਲ ਬਾਰੇ ਹੋਰ ਜਾਣਨ ਲਈ ontario.ca ਜਾਂ findlink.at/savinenerg 'ਤੇ ਬਿਜਲੀ ਮਹਿਕਮੇ 'ਤੇ ਜਾਓ।

oee.nrcan.gc.ca 'ਤੇ ਬਿਜਲੀ ਦੀ ਕੁਸ਼ਲਤਾ ਬਾਰੇ ਕੁਦਰਤੀ ਸ੍ਰੋਤਾਂ ਬਾਰੇ ਕਨੇਡਾ ਦੇ ਦਫ਼ਤਰ 'ਤੇ ਜਾਓ।

ਸੁਰੱਖਿਅਤ, ਸਾਫ਼ ਪੀਣ ਵਾਲਾ ਪਾਣੀ ਬਰਬਾਦ ਨਹੀਂ ਕਰਨਾ ਚਾਹੀਦਾ। ਪਾਣੀ ਦੀ ਸੰਭਾਲ ਬਾਰੇ ਹੋਰ ਜਾਣਕਾਰੀ ਲਈ ਆਪਣੀ ਸਥਾਨਕ ਮਿਉਨਿਸਪੈਲਿਟੀ ਨਾਲ ਸੰਪਰਕ ਕਰੋ।

ontario.ca ਜਾਂ findlink.at/muniseroff 'ਤੇ ਮਿਉਨਿਸੀਪਲ ਮਾਮਲਿਆਂ ਅਤੇ ਹਾਊਸਿੰਗ ਮਹਿਕਮੇ 'ਤੇ ਜਾਓ।

ਓੰਟਾਰੀਓ ਦੇ ਰੀਸਾਈਕਲਿੰਗ ਪ੍ਰੋਗਰਾਮਾਂ ਬਾਰੇ ਹੋਰ ਜਾਣਨ ਲਈ, www.stewardshipontario.ca 'ਤੇ ਸਟੀਵਰਡਸ਼ਿਪ ਓਂਟਾਰੀਓ 'ਤੇ ਜਾਓ। ਜਾਓ।



### ਕੀ ਤੁਹਾਨੂੰ ਪਤਾ ਹੈ?

ਓਂਟਾਰੀਓ ਵਿੱਚ ਕੂੜਾ ਫੈਲਾਉਣ ਲਈ $1,000 ਤੱਕ ਦਾ ਜੁਰਮਾਨਾ ਲੱਗ ਸਕਦਾ ਹੈ। ਜੇ ਤੁਸੀਂ ਹਾਈਵੇ 'ਤੇ ਕੂੜਾ ਸੁੱਟਦੇ ਹੋ, ਪੁਲਿਸ ਤੁਹਾਡੀ ਕਾਰ ਰੋਕ ਸਕਦੀ ਹੈ ਅਤੇ ਤੁਹਾਨੂੰ ਇੱਕ ਟਿਕਟ ਦਿੰਦੀ ਹੈ।



### ਅਹਿਮ ਟਿੱਪਣੀ

- ਕੂੜਾ ਨਾ ਫੈਲਾਓ
- ਘਟਾਓ, ਮੁੜ ਵਰਤੋਂ ਕਰੋ, ਰੀਸਾਈਕਲ ਕਰੋ
- ਹਰੇ ਕੂੜੇਦਾਨ ਦੀ ਖਾਦ ਜਾਂ ਵਰਤੋਂ ਕਰੋ

